ਪੰਜਾਬੀ ਯੂਨੀਵਰਸਿਟੀ ਪਟਿਆਲ।
(ਉਸਾਰੀ ਵਿਭਾਗ)

To,

Website
Punjabi University, Patiala.

## ਥੋੜੇ ਸਮੇ ਦਾ ਟੈਡਰ ਨੋਟਿਸ

ਨਿਮਨ ਲਿਖਤ ਹਸਤਾਖਰਕਰਤਾ ਵੱਲੋ ਪੰਜਾਬ ਲੋਕ ਨਿਰਮਾਣ ਵਿਭਾਗ, ਕੇਦਰੀ ਲੋਕ ਨਿਰਮਾਣ ਵਿਭਾਗ, ਪੁੱਡਾ, ਪੀ.ਐਸ.ਈ.ਬੀ., ਜਾ ਕਿਸੇ ਵੀ ਸਰਕਾਰੀ ਅਦਾਰੇ ਵੱਲੋ ਪ੍ਰਮਾਣਿਤ ਠੇਕੇਦਾਰਾ ਪਾਸੋ ਆਈਟਮ ਰੇਟ / ਪ੍ਰਤੀਸਤਤਾ ਦੇ ਅਧਾਰ ਤੇ ਮੋਹਰਬੰਦ ਟੈਡਰਾਂ ਦੀ ਮੰਗ ਕੀਤੀ ਜਾਂਦੀ ਹੈ । ਜੋ ਕਿ 500+18%GST =590/- ਦੀ ਨਕਦ ਅਦਾਇਗੀ ਕਰਕੇ ਕਿਸੇ ਵੀ ਕੰਮ ਵਾਲੇ ਦਿਨ ਇੱਕ ਵਜੇ ਤੱਕ ਹਸਤਾਖਰਕਰਤਾ ਦੇ ਦਫਤਰ ਤੋ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਪੱਖੋ ਮੁਕੰਮਲ ਟੈਡਰ ਮਿਤੀ 23-01-2024 ਨੂੰ 3:00 ਵਜੇ ਤੱਕ ਜਾ ਇਸ ਤੋ ਪਹਿਲਾ ਹਸਤਾਖਰਕਰਤਾ ਦੇ ਦਫਤਰ ਪਹੁੰਚ ਜਾਣੇ ਚਾਹੀਦੇ ਹਨ ਜੋ ਕਿ ਉਸੇ ਦਿਨ 3:30 ਵਜੇ ਟੈਡਰਕਾਰਾਂ ਜਾ ਉਹਨਾ ਦੇ ਅਧਿਕਾਰਤ ਨੁਮਾਇਦੀਆਂ ਦੀ ਹਾਜਰੀ ਵਿਚ ਖੋਲ੍ਹੇ ਜਾਣਗੇ।

| ਲੜੀ ਨੰ: | ਕੰਮ ਦਾ ਵੇਰਵਾ | ਅੰਦਾਜਨ ਲਾਗਤ | ਬਿਆਨਾ ਰਕਮ | ਸਮੇ ਦੀ ਮਿਆਦ |
|---|---|---|---|---|
| 1. | Providing of Security Check post outside of Media Centre at Punjabi University Patiala. | 1,10,909-00 | 2,200/- | 30 ਦਿਨ |

**ਸ਼ਰਤਾ:-**

1. ਸਬੰਧਿਤ ਐਨ.ਆਈ.ਟੀ. ਟੈਡਰ ਦੇਣ ਤੋ ਪਹਿਲਾ ਕਿਸੇ ਵੀ ਕੰਮ ਵਾਲੇ ਦਿਨ ਕਾਰਜਕਾਰੀ ਇੰਜੀਨੀਅਰ ਦੇ ਦਫਤਰ ਦੇਖੇ ਜਾ ਸਕਦੇ ਹਨ।
2. ਸ਼ਰਤਾ ਵਾਲੇ ਅਤੇ ਬਿਨਾ ਬਿਆਨਾ ਰਕਮ ਵਾਲੇ ਟੈਡਰ ਰੱਦ ਕੀਤੇ ਜਾਣਗੇ।
3. ਬਿਆਨਾ ਰਕਮ ਨਿਰਧਾਰਿਤ ਬੈਕ ਵੱਲੋ ਬੈਕ ਡਰਾਫਟ ਰਾਹੀ ਜੋ ਕਿ ਕਾਰਜਕਾਰੀ ਇੰਜੀਨੀਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੱਕ ਵਿਚ ਹੋਵੇ, ਪ੍ਰਾਪਤ ਕੀਤੇ ਜਾਣਗੇ।
4. ਟੈਡਰ ਰੇਟ ਸਿਰਫ ਨਿਰਧਾਰਿਤ ਪ੍ਰੋਫਾਰਮੇ ਵਿਚ ਭਰਨੇ ਹੋਣਗੇ।
5. ਜੇਕਰ ਟੈਡਰ ਵਾਲੇ ਦਿਨ ਛੁੱਟੀ ਹੋ ਜਾਂਦੀ ਹੈ ਤਾ ਟੈਡਰ ਅਗਲੇ ਕੰਮ ਵਾਲੇ ਦਿਨ ਨਿਰਧਾਰਿਤ ਸਮੇ ਸਥਾਨ ਤੇ ਪ੍ਰਾਪਤ ਕੀਤੇ ਅਤੇ ਖੋਲੇ ਜਾਣਗੇ।
6. ਯੂਨੀਵਰਸਿਟੀ ਸਾਰੇ ਟੈਡਰ ਜਾ ਕਿਸੇ ਆਈਟਮ ਨੂੰ ਬਿਨਾ ਕਾਰਨ ਦੱਸੇ ਰੱਦ ਕਰ ਸਕਦੀ ਹੈ ਟੈਡਰਕਾਰ ਇਸ ਮਾਮਲੇ ਵਿਚ ਕੋਈ ਕਲੇਮ ਨਹੀ ਕਰ ਸਕਦਾ।
7. ਲੋੜ ਅਨੁਸਾਰ ਕੰਮ ਦੀ ਮਾਤਰਾ ਘਟਾਈ ਜਾ ਵਧਾਈ ਜਾ ਸਕਦੀ ਹੈ ਇਸ ਮਾਮਲੇ ਵਿਚ ਟੈਡਰਕਾਰ ਕੋਈ ਕਲੇਮ ਨਹੀ ਕਰ ਸਕੇਗਾ।
8. ਟੈਡਰ ਫਾਰਮ ਸਿਰਫ ਉਹਨਾ ਠੇਕੇਦਾਰਾ ਨੂੰ ਹੀ ਜਾਰੀ ਕੀਤੇ ਜਾਣਗੇ ਜਿਹਨਾ ਕੋਲ ਪੈਨ ਨੰਬਰ, ਜੀ.ਐਸ.ਟੀ, ਨੰਬਰ ਆਦਿ ਅਤੇ ਉਪਰੋਕਤ ਦਰਸਾਏ ਮਹਿਕਮਿਆ ਵੱਲੋ ਮਾਨਤਾ ਹੋਵੇਗੀ ਅਤੇ ਟੈਡਰਕਾਰ ਅਜਿਹਾ ਕੰਮ ਕਰਨ ਦਾ ਤਜਰਬਾ ਰੱਖਦਾ ਹੋਵੇ।
9. ਕੀ ਤੁਹਾਨੂੰ ਕਿਸੇ ਸਮੇ ਸਰਕਾਰੀ ਜਾ ਅਰਧਸਰਕਾਰੀ ਸੰਸਥਾ ਵੱਲੋ ਕੰਮ ਕਰਨ ਤੋ ਅਯੋਗ ਤਾ ਨਹੀ ਠਹਿਰਾਇਆ ਗਿਆ ?

ਉਪਰੋਕਤ ਕੰਮ ਲਈ ਆਪਣਾ ਟੈਡਰ ਰੇਟ ਅਤੇ ਹਰ ਪੱਖੋ ਮੁਕੰਮਲ ਟੈਡਰ ਭਰਕੇ ਉਪਰੋਕਤ ਦਰਸਾਈ ਮਿਤੀ ਸਮਾ ਅਤੇ ਸਥਾਨ ਤੇ ਪੇਸ਼ ਕਰੋ।

08/1/24

ਕਾਰਜਕਾਰੀ ਇੰਜੀਨੀਅਰ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।